# ਪੰਜਾਬ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰਿਸ਼ਦ (ਐਸ.ਸੀ.ਈ.ਆਰ.ਟੀ.) ਪੰਜਾਬ

ਬਲਾਕ-ਈ, ਛੇਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:, ਫੇਜ਼-8, ਅਜੀਤਗੜ੍ਹ, ਮੁਹਾਲੀ

## ਪਬਲਿਕ ਨੋਟਿਸ

ਇਹ ਪਬਲਿਕ ਨੋਟਿਸ ਉਨ੍ਹਾਂ ਉਮੀਦਵਾਰਾਂ ਲਈ ਹੈ ਜਿਨ੍ਹਾਂ ਨੇ ਈ.ਟੀ.ਟੀ. ਸ਼ੈਸ਼ਨ 2012-14 ਲਈ S.S.A. ਦੀ ਵੈਬ ਸਾਇਟ **ett.ssapunjab.org** ਉੱਪਰ ਮਿਤੀ 8.10.2012 ਤੋਂ 26.10.2012 ਤੱਕ ਅਪਲਾਈ ਕੀਤਾ ਸੀ ਅਤੇ ਆਪਣੀ ਤਰਜੀਹ ਅਨੁਸਾਰ ਕਾਲਜਾਂ ਦੀ ਚੋਣ ਭਰੀ ਸੀ। ਇਨ੍ਹਾਂ ਉਮੀਦਵਾਰਾਂ ਨੂੰ ਆਨ-ਲਾਇਨ ਪਹਿਲੀ ਕੌਂਸਲਿੰਗ ਰਾਹੀਂ ਮਿਤੀ 23.8.2013 ਨੂੰ ਸੀਟਾਂ ਅਲਾਟ ਕੀਤੀਆਂ ਸਨ ਜਿਸ ਉਪਰੰਤ ਬਾਕੀ ਰਹਿੰਦੀਆਂ ਖਾਲੀ ਸੀਟਾਂ ਲਈ ਵਿਭਾਗ ਵਲੋਂ ਰਾਜ ਦੀਆਂ 15 ਸਰਕਾਰੀ ਅਤੇ 83 ਪ੍ਰਾਈਵੇਟ ਮਾਨਤਾ ਪ੍ਰਾਪਤ ਸੰਸਥਾਵਾਂ ਵਿਚ ਦਾਖਲਾ ਕੀਤਾ ਜਾਣਾ ਹੈ, ਹੇਠ ਦਿੱਤੇ ਪ੍ਰੋਗਰਾਮ ਅਨੁਸਾਰ ਮੈਨੂਅਲ ਕੌਂਸਲਿੰਗ ਰਾਹੀਂ ਸੀਟਾਂ ਅਲਾਟ ਕੀਤੀਆਂ ਜਾਣੀਆਂ ਹਨ। ਉਹ ਯੋਗ ਉਮੀਦਵਾਰ ਜਿਨ੍ਹਾਂ ਨੇ ਅਪਲਾਈ ਕੀਤਾ ਸੀ ਅਤੇ ਕਾਲਜਾਂ ਦੀ ਚੋਣ ਵੀ ਭਰੀ ਸੀ, ਉਹ ਹੇਠ ਲਿਖੇ ਅਨੁਸਾਰ ਨਿੱਜੀ ਤੌਰ ਤੇ ਅਸਲ ਦਸਤਾਵੇਜਾਂ ਸਮੇਤ ਹਾਜ਼ਰ ਹੋ ਕੇ ਦਾਖਲਾ ਲੈ ਸਕਦੇ ਹਨ ਅਤੇ ਉਹ ਉਮੀਦਵਾਰ ਜਿਨ੍ਹਾਂ ਨੂੰ ਪਹਿਲੀ ਕੌਂਸਲਿੰਗ ਵਿਚ ਆਪਣੀ ਪਹਿਲੇ ਨੰਬਰ ਦੀ ਕਾਲਜ ਚੋਣ ਨਹੀਂ ਮਿਲੀ ਸੀ, ਉਹ ਵੀ ਇਸ ਮੈਨੂਅਲ ਕੌਂਸਲਿੰਗ ਦੌਰਾਨ ਮੈਰਿਟ ਅਨੁਸਾਰ ਖਾਲੀ ਸੀਟ ਹੋਣ ਦੀ ਸੂਰਤ ਵਿਚ ਕਾਲਜ ਸ਼ਿਫਟ ਕਰ ਸਕਦੇ ਹਨ।

| DATE | TIME | DESCRIPTIONS |
|---|---|---|
| 25.9.2013 | 10 ਵਜੇ ਸਵੇਰੇ | ਕਾਲਜ ਸ਼ਿਫਟਿੰਗ ਦੇ ਚਾਹਵਾਨ ਉਮੀਦਵਾਰ (ਜਿਨ੍ਹਾਂ ਨੂੰ ਪਹਿਲੀ ਕੌਂਸਲਿੰਗ ਵਿਚ ਆਪਣੇ ਪਹਿਲੇ ਨੰਬਰ ਦੀ ਚੋਣ ਵਾਲਾ ਕਾਲਜ ਨਹੀਂ ਮਿਲਿਆ) |
| | 12 ਵਜੇ ਦੁਪਹਿਰ | B.C. category, Ex-servicemen (B.C.), (ਸਾਇੰਸ, ਵੋਕੇਸ਼ਨਲ ਅਤੇ ਕਾਮਰਸ) ਦੇ ਸਾਰੇ ਯੋਗ ਉਮੀਦਵਾਰ ਅਤੇ ਹਿਊਮੈਨਟੀਜ ਦੇ 10+2 ਜਾਂ ਬਰਾਬਰ ਦੀ ਯੋਗਤਾ ਵਿਚੋਂ 55% ਤੋਂ ਵਧੇਰੇ ਨੰਬਰਾਂ ਵਾਲੇ ਯੋਗ ਉਮੀਦਵਾਰ |
| | 2 ਵਜੇ ਦੁਪਹਿਰ | Handicapped, Ex-servicemen (Gen.), Freedom Fighter, Sports (Gen.) ਕੈਟਾਗਰੀਆਂ ਦੇ (ਸਾਇੰਸ, ਵੋਕੇਸ਼ਨਲ, ਕਾਮਰਸ ਅਤੇ ਹਿਊਮੈਨਟੀਜ) ਸਾਰੇ ਯੋਗ ਉਮੀਦਵਾਰ |
| 26.9.2013 | 10 ਵਜੇ ਸਵੇਰੇ | S.C. (R&O), S.C. (M&B), S.C. (Ex-servicemen), S.C. (Sports) ਕੈਟਾਗਰੀ ਦੇ (ਸਾਇੰਸ, ਵੋਕੇਸ਼ਨਲ, ਕਾਮਰਸ) ਦੇ ਸਾਰੇ ਯੋਗ ਉਮੀਦਵਾਰ |
| | 12 ਵਜੇ ਦੁਪਹਿਰ | S.C. (R&O), S.C. (M&B), S.C. (Ex-servicemen), S.C. (Sports) ਕੈਟਾਗਰੀ (ਹਿਊਮੈਨਟੀਜ) ਦੇ 10+2 ਜਾਂ ਬਰਾਬਰ ਯੋਗਤਾ ਵਿਚੋਂ 60% ਤੋਂ ਵਧੇਰੇ ਨੰਬਰਾਂ ਵਾਲੇ ਯੋਗ ਉਮੀਦਵਾਰ |
| 27.9.2013 | 10 ਵਜੇ ਸਵੇਰੇ | General ਕੈਟਾਗਰੀ ਦੇ (ਸਾਇੰਸ, ਵੋਕੇਸ਼ਨਲ, ਕਾਮਰਸ) ਦੇ ਸਾਰੇ ਯੋਗ ਉਮੀਦਵਾਰ |
| | 1 ਵਜੇ ਦੁਪਹਿਰ | General ਕੈਟਾਗਰੀ (ਹਿਊਮੈਨਟੀਜ) ਦੇ 10+2 ਜਾਂ ਬਰਾਬਰ ਯੋਗਤਾ ਵਿਚੋਂ 70% ਜਾਂ ਵਧੇਰੇ ਨੰਬਰਾਂ ਵਾਲੇ ਯੋਗ ਉਮੀਦਵਾਰ |
| 28.9.13 | 10 ਵਜੇ ਸਵੇਰੇ | S.C. (R&O), S.C. (M&B), S.C. (Ex-servicemen), S.C. (Sports), B.C. ਕੈਟਾਗਰੀ ਅਤੇ B,C. (Ex-servicemen) ਕੈਟਾਗਰੀ (ਹਿਊਮੈਨਟੀਜ) ਦੇ ਸਾਰੇ ਯੋਗ ਉਮੀਦਵਾਰ (ਖਾਲੀ ਸੀਟਾਂ ਹੋਣ ਦੀ ਸੂਰਤ ਵਿਚ) |
| | 1 ਵਜੇ ਦੁਪਹਿਰ | General ਕੈਟਾਗਰੀ (ਹਿਊਮੈਨਟੀਜ) ਦੇ ਸਾਰੇ ਯੋਗ ਉਮੀਦਵਾਰ (ਖਾਲੀ ਸੀਟਾਂ ਹੋਣ ਦੀ ਸੂਰਤ ਵਿਚ) |

**ਵਿਸ਼ੇਸ਼ ਨੋਟ : (1) ਦਾਖਲਾ ਲੈਣ ਵਾਲੇ ਉਮੀਦਵਾਰਾਂ ਤੋਂ 5000/- ਰੁਪਏ ਬਤੌਰ ਟੋਕਨ ਦਾਖਲਾ ਰਾਸ਼ੀ ਜਮ੍ਹਾਂ ਕਰਵਾਈ ਜਾਵੇਗੀ ਜੋ ਕਿ ਨਾ ਮੋੜਨਯੋਗ ਹੋਵੇਗੀ। ਇਹ ਦਾਖਲਾ ਆਰਜੀ ਤੌਰ ਮੈਰਿਟ ਦੇ ਆਧਾਰ ਤੇ ਸਾਰੇ ਸਬੰਧਤ ਦਸਤਾਵੇਜਾਂ ਅਤੇ ਉਮੀਦਵਾਰ ਵਲੋਂ ਦਿੱਤੀ ਗਈ ਸੂਚਨਾ ਦੇ ਸਹੀ ਹੋਣ ਦੀ ਸੂਰਤ ਵਿਚ ਹੋਵੇਗਾ। ਇਹ ਦਾਖਲਾ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਦੇ ਆਡੀਟੋਰੀਅਮ ਵਿਖੇ ਕੀਤਾ ਜਾਵੇਗਾ। (2) ਇਸ ਕੌਂਸਲਿੰਗ ਵਿਚ ਸਿਰਫ ਉਹੀ ਉਮੀਦਵਾਰ ਆ ਸਕਦੇ ਹਨ ਜਿਨ੍ਹਾਂ ਨੇ ਆਨ-ਲਾਇਨ ਫਾਰਮ ਭਰਿਆ ਸੀ ਅਤੇ ਕਾਲਜਾਂ ਦੀ ਚੋਣ ਵੀ ਕੀਤੀ ਸੀ। ਅਜਿਹੇ ਉਮੀਦਵਾਰ ਆਪਣੇ ਨਾਲ ਆਪਣਾ ਆਨ-ਲਾਇਨ ਅਪਲਾਈ ਕੀਤੇ ਫਾਰਮ ਅਤੇ ਸਟੇਸ਼ਨ ਤਰਜੀਹ ਦੀ ਕਾਪੀ ਵੀ ਲੈ ਕੇ ਆਉਣਗੇ। (3) ਦਿੱਤੀ ਮਿਤੀ ਅਤੇ ਸਮੇਂ ਤੋਂ ਲੇਟ ਆਉਣ ਵਾਲੇ ਉਮੀਦਵਾਰ ਆਪਣੀ ਸੀਟ ਲਈ ਕਲੇਮ ਨਹੀਂ ਕਰ ਸਕਣਗੇ। (4) ਜੇਕਰ ਕਿਸੇ ਕੈਟਾਂਗਰੀ ਅਧੀਨ ਸਾਰੀਆਂ ਸੀਟਾਂ ਭਰ ਜਾਂਦੀਆਂ ਹਨ ਤਾਂ ਉਸ ਕੈਟਾਗਰੀ ਦੀ ਕੌਂਸਲਿੰਗ ਉਸੇ ਸਮੇਂ ਹੀ ਬੰਦ ਕਰ ਦਿੱਤੀ ਜਾਵੇਗੀ। (5) ਖਾਲੀ ਸੀਟਾਂ ਸਬੰਧੀ ਸੂਚਨਾ ਕੌਂਸਲਿੰਗ ਦੌਰਾਨ ਵੈਬਸਾਇਟ ਤੇ ਉਪਲਬੱਧ ਕਰਵਾਈ ਜਾਵੇਗੀ। ਵਧੇਰੇ ਜਾਣਕਾਰੀ ਲਈ ਵੈਬਸਾਇਟ www.scertpunjab.ac.in ਤੇ ਸੰਪਰਕ ਕਰੋ।**

19.9.13

**ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ**